# ਮਹਾਮਹਿਮ ਸ਼੍ਰੀ ਪਰਨਪਰੀ ਬਹਿੱਧਾ-ਨੁਕਾਰਾ, ਥਾਈਲੈਂਡ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਦਾ ਭਾਰਤ ਨੂੰ ਅਧਿਕਾਰਤ ਦੌਰਾ (25-28 ਫਰਵਰੀ, 2024)

ਫਰਵਰੀ 27, 2024

ਵਿਦੇਸ਼ ਮੰਤਰੀ, ਡਾ. ਐਸ. ਜੈਸ਼ੰਕਰ ਦੇ ਸੱਦੇ 'ਤੇ, ਮਹਾਮਹਿਮ ਸ਼੍ਰੀ ਪਰਨਪਰੀ ਬਹਿੱਧਾ-ਨੁਕਾਰਾ, ਥਾਈਲੈਂਡ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ, 25-28 ਫਰਵਰੀ, 2024 ਦੀਆਂ ਤਾਰੀਖ਼ਾਂ ਦੌਰਾਨ ਭਾਰਤ ਦੇ ਅਧਿਕਾਰਤ ਦੌਰੇ 'ਤੇ ਆ ਰਹੇ ਹਨ। ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਸ਼੍ਰੀ ਪਰਨਪਰੀ ਬਹਿੱਧਾ-ਨੁਕਾਰਾ ਦਾ ਇਹ ਭਾਰਤ ਨੂੰ ਪਹਿਲਾ ਅਧਿਕਾਰਤ ਦੌਰਾ ਹੈ।

2. 27 ਫਰਵਰੀ ਨੂੰ, ਵਿਦੇਸ਼ ਮੰਤਰੀ ਨੇ ਥਾਈ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨਾਲ 10ਵੀਂ ਜੁਆਇੰਟ ਕਮਿਸ਼ਨ ਮੀਟਿੰਗ (ਜੇ.ਸੀ.ਐਮ.) ਦੀ ਸਹਿ-ਪ੍ਰਧਾਨਗੀ ਕੀਤੀ ਅਤੇ ਉਨ੍ਹਾਂ ਦੇ ਸਨਮਾਨ ਵਿੱਚ ਦੁਪਹਿਰ ਦੇ ਭੋਜਨ ਦੀ ਮੇਜ਼ਬਾਨੀ ਕੀਤੀ। ਜੇ.ਸੀ.ਐਮ. ਦੌਰਾਨ, ਦੋਵੇਂ ਮੰਤਰੀਆਂ ਨੇ ਰੱਖਿਆ ਅਤੇ ਸੁਰੱਖਿਆ, ਵਪਾਰ ਅਤੇ ਨਿਵੇਸ਼, ਸੰਪਰਕ, ਵਿਗਿਆਨ ਅਤੇ ਪ੍ਰਦਯੋਗਿਕੀ, ਸਿਹਤ, ਸੱਭਿਆਚਾਰ ਅਤੇ ਲੋਕਾਂ-ਦਰ-ਲੋਕਾਂ ਨਾਲ ਆਦਾਨ-ਪ੍ਰਦਾਨ ਸਮੇਤ ਦੁਵੱਲੇ ਸਹਿਯੋਗ ਦੇ ਵਿਆਪਕ ਖੇਤਰਾਂ ਵਿੱਚ ਹੋਈ ਪ੍ਰਗਤੀ ਦੀ ਸਮੀਖਿਆ ਕੀਤੀ। ਦੋਵੇਂ ਮੰਤਰੀਆਂ ਨੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਬਹੁਪੱਖੀ ਮੁੱਦਿਆਂ 'ਤੇ ਵੀ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਉਪ-ਖੇਤਰੀ, ਖੇਤਰੀ ਅਤੇ ਬਹੁਪੱਖੀ ਪਲੇਟਫਾਰਮਾਂ ਖਾਸ ਤੌਰ 'ਤੇ ਆਸੀਆਨ, ਬਿਮਸਟੇਕ, ਐਮ.ਜੀ.ਸੀ., ਏ.ਸੀ.ਐਮ.ਈ.ਸੀ.ਐਸ. ਅਤੇ ਆਈ.ਐਮ.ਟੀ.-ਜੀ.ਟੀ. ਦੇ ਢਾਂਚੇ ਦੇ ਅੰਦਰ ਸਹਿਯੋਗ ਵਿੱਚ ਹੋਰ ਵਾਧਾ ਕਰਨ ਵਾਸਤੇ ਵਚਨਬੱਧਤਾ ਪ੍ਰਗਟ ਕੀਤੀ।

3. ਦੋਵੇਂ ਮੰਤਰੀਆਂ ਨੇ ਭਾਰਤ-ਥਾਈਲੈਂਡ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਪ੍ਰਗਟ ਕੀਤੀ। ਉਹਨਾਂ ਨੇ ਭਾਰਤ ਦੀ ਐਕਟ ਈਸਟ ਪਾਲਿਸੀ ਜੋ ਕਿ 2024 ਵਿੱਚ ਆਪਣਾ 10ਵਾਂ ਸਾਲ ਪੂਰਾ ਕਰ ਰਹੀ ਹੈ, ਅਤੇ ਥਾਈਲੈਂਡ ਦੀ ਐਕਟ ਵੈਸਟ ਪਾਲਿਸੀ ਦੇ ਕਨਵਰਜੈਂਸ 'ਤੇ ਵੀ ਧਿਆਨ ਦਿੱਤਾ। ਵਿਦੇਸ਼ ਮੰਤਰੀ ਨੇ ਹਿੰਦ-ਪ੍ਰਸ਼ਾਂਤ ਮਹਾਸਾਗਰ ਪਹਿਲਕਦਮੀ (ਆਈ.ਪੀ.ਓ.ਆਈ.) ਦੇ ਸਮੁੰਦਰੀ ਵਤਾਰਵਾਰਨ ਥੰਮ੍ਹ (ਮੈਰੀਟਾਈਮ ਈਕੋਲੋਜੀ ਪਿਲਰ) ਦੀ ਸਹਿ-ਅਗਵਾਈ ਕਰਨ ਦੇ, ਥਾਈਲੈਂਡ ਦੇ ਫੈਸਲੇ ਦਾ ਸਵਾਗਤ ਕੀਤਾ। ਦੋਵੇਂ ਮੰਤਰੀਆਂ ਨੇ ਪਹਿਲਕਦਮੀ ਨੂੰ ਅੱਗੇ ਵਧਾਉਣ ਵਾਸਤੇ ਮਿਲ ਕੇ ਕੰਮ ਕਰਨ ਦੇ ਆਪਣੇ ਸੰਕਲਪ ਦੀ ਪੁਸ਼ਟੀ ਕੀਤੀ।

4. ਥਾਈ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨੇ ਭਗਵਾਨ ਬੁੱਧ ਦੇ ਪਵਿੱਤਰ ਅਵਸ਼ੇਸ਼ਾਂ ਨੂੰ ਉਨ੍ਹਾਂ ਦੇ ਦੋ ਚੇਲਿਆਂ, ਅਰਹਾਤਾ ਸਰੀਪੁਤਰ ਅਤੇ ਅਰਹਾਤਾ ਮੋਦਗਲਯਾਨਾ ਦੇ ਨਾਲ, ਪ੍ਰਦਰਸ਼ਿਤ ਕਰਨ ਵਾਸਤੇ, ਥਾਈਲੈਂਡ ਭੇਜਣ ਲਈ ਭਾਰਤ ਦੀ ਪ੍ਰਸ਼ੰਸਾ ਕੀਤੀ, ਜਿਸ ਨਾਲ ਲੱਖਾਂ ਥਾਈ ਨਾਗਰਿਕਾਂ ਨੂੰ ਸ਼ਰਧਾ ਪ੍ਰਗਟ ਕਰਨ ਦਾ ਮੌਕਾ ਮਿਲੇਗਾ।

5. ਜੇ.ਸੀ.ਐਮ. ਦੇ ਦੌਰਾਨ, ਹੇਠਾਂ ਲਿਖੇ ਦਸਤਾਵੇਜ਼ਾਂ 'ਤੇ ਹਸਤਾਖਰ ਕੀਤੇ ਗਏ/ ਦਾ ਆਦਾਨ-ਪ੍ਰਦਾਨ ਕੀਤਾ ਗਿਆ: (i) ਸਹਿਮਤੀ ਬਣਾਏ ਗਏ ਮੁੱਦੇ; ਅਤੇ (ii) ਆਯੁਰਵੇਦ ਅਤੇ ਥਾਈ ਪਰੰਪਰਾਗਤ ਦਵਾਈ ਵਿੱਚ ਅਕਾਦਮਿਕ ਸਹਿਯੋਗ ਦੀ ਸਥਾਪਨਾ ਵਾਸਤੇ, ਭਾਰਤ ਦੇ ਆਯੁਸ਼ ਮੰਤਰਾਲੇ ਦੇ ਨੈਸ਼ਨਲ ਇੰਸਟੀਚਿਊਟ ਆਫ ਆਯੁਰਵੇਦ, ਜੈਪੁਰ ਅਤੇ ਥਾਈ ਪਾਰੰਪਰਕ ਅਤੇ ਵਿਕਲਪਕ ਦਵਾਈ ਵਿਭਾਗ, ਜਨ ਸਿਹਤ ਮੰਤਰਾਲੇ, ਥਾਈਲੈਂਡ ਦੇ ਵਿਚਕਾਰ ਸਮਝੌਤਾ।

6. ਇਸ ਦੌਰੇ ਦੇ ਦੌਰਾਨ ਥਾਈ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨੇ ਉਪ ਰਾਸ਼ਟਰਪਤੀ ਸ਼੍ਰੀ ਜਗਦੀਪ ਧਨਖੜ ਜੀ ਨਾਲ ਵੀ ਮੁਲਾਕਾਤ ਕੀਤੀ।

7. ਭਾਰਤ-ਥਾਈਲੈਂਡ ਸਾਂਝੇਦਾਰੀ ਸਹਿਯੋਗ ਦੇ ਵੱਖ-ਵੱਖ ਖੇਤਰਾਂ ਵਿੱਚ ਫੈਲੀ ਹੈ ਅਤੇ ਬਹੁ-ਆਯਾਮੀ ਪਹਿਲੂਆਂ ਨੂੰ ਹਾਸਲ ਕਰ ਰਹੀ ਹੈ। ਥਾਈ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਦੀ ਭਾਰਤ ਦੀ ਯਾਤਰਾ ਚੱਲ ਰਹੇ ਉੱਚ-ਪੱਧਰੀ ਆਦਾਨ-ਪ੍ਰਦਾਨ ਦਾ ਹਿੱਸਾ ਹੈ ਅਤੇ ਇਸਨੇ ਦੋਵੇਂ ਦੋਸਤਾਂ ਅਤੇ ਸਮੁੰਦਰੀ ਗੁਆਂਢੀਆਂ ਵਿਚਕਾਰ, ਸਭਿਅਤਾ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਇਆ ਹੈ।

**ਨਵੀਂ ਦਿੱਲੀ**
**ਫਰਵਰੀ 27, 2024**